**#BeeWell**

**ਮਾਤਾ-ਪਿਤਾ ਅਤੇ ਦੇਖਭਾਲਕਰਤਾ ਲਈ ਜਾਣਕਾਰੀ ਸ਼ੀਟ**

## ਮੈਨੂੰ ਇਹ ਚਿੱਠੀ ਕਿਉਂ ਮਿਲੀ ਹੈ?

## ਤੁਹਾਡੇ ਬੱਚੇ ਨੂੰ ਰਿਸਰਚ ਅਧਿਐਨ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾ ਰਿਹਾ ਹੈ।

ਇਸ ਬਾਰੇ ਫ਼ੈਸਲਾ ਲੈਣ ਤੋਂ ਪਹਿਲਾਂ ਕਿ ਉਹ ਭਾਗ ਲੈ ਸਕਦਾ ਹੈ ਜਾਂ ਨਹੀਂ, ਤੁਹਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਰਿਸਰਚ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਵਿੱਚ ਕੀ ਸ਼ਾਮਿਲ ਹੋਵੇਗਾ। ਕਿਰਪਾ ਕਰਕੇ ਸਮਾਂ ਕੱਢ ਕੇ ਹੇਠਾਂ ਦਿੱਤੀ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ। ਜੇ ਕੋਈ ਵੀ ਚੀਜ਼ ਸਪਸ਼ਟ ਨਹੀਂ ਹੈ ਜਾਂ ਜੇ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ (ਹੇਠਾਂ ਦਿੱਤਾ 'ਹੋਰ ਜਾਣਕਾਰੀ' ਸੈਕਸ਼ਨ ਦੇਖੋ)। ਇਸ ਨੂੰ ਪੜ੍ਹਨ ਲਈ ਸਮਾਂ ਕੱਢਣ ਲਈ ਤੁਹਾਡਾ ਧੰਨਵਾਦ।

**ਜੇ ਤੁਹਾਡਾ ਬੱਚਾ ਪਤਝੜ 2024 ਦੇ 7ਵੇਂ ਸਾਲ ਵਿੱਚ ਹੈ,** ਤਾਂ ਉਹਨਾਂ ਦਾ ਸਾਲ ਸਮੂਹ, ਵਿਦਿਆਰਥੀਆਂ ਦੇ ਉਸ ਸਮੂਹ ਦਾ ਹਿੱਸਾ ਹੈ ਜਿਸਨੂੰ ਅਸੀਂ ਸਾਲਾਨਾ ਆਧਾਰ 'ਤੇ ਸਰਵੇਖਣ ਨੂੰ ਪੂਰਾ ਕਰਨ ਲਈ ਕਹਿ ਰਹੇ ਹਾਂ ਜੋ ਪਤਝੜ 2024 ਤੋਂ ਸ਼ੁਰੂ ਹੋ ਰਿਹਾ ਹੈ।

**ਜੇ ਤੁਹਾਡਾ ਬੱਚਾ ਪਤਝੜ 2024 ਦੇ 10ਵੇਂ ਸਾਲ ਵਿੱਚ ਹੈ,** ਸਿਰਫ਼ ਇਹੀ ਇੱਕ ਅਕਾਦਮਿਕ ਸਾਲ ਹੈ ਜਿਸ ਵਿੱਚ ਤੁਹਾਡਾ ਬੱਚਾ ਰਿਸਰਚ ਅਧਿਐਨ ਵਿੱਚ ਭਾਗ ਲੈਣ ਦੇ ਯੋਗ ਹੋਵੇਗਾ।

ਇਹ ਸਮਝਣ ਲਈ ਕਿ ਰਿਸਰਚ ਅਧਿਐਨ ਕੀ ਹੈ ਅਤੇ ਇਹ ਫ਼ੈਸਲਾ ਕਰਨ ਲਈ ਕਿ ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਇਸ ਵਿੱਚ ਹਿੱਸਾ ਲਵੇ ਜਾਂ ਇਸ ਤੋਂ ਬਾਹਰ ਹੋਵੇ, ਕਿਰਪਾ ਕਰਕੇ ਇਸ ਜਾਣਕਾਰੀ ਨੂੰ ਧਿਆਨ ਨਾਲ ਜ਼ਰੂਰ ਪੜ੍ਹੋ।

## ਰਿਸਰਚ ਬਾਰੇ

## ਰਿਸਰਚ ਕੌਣ ਸੰਚਾਲਿਤ ਕਰੇਗਾ?

ਯੂਨੀਵਰਸਿਟੀ ਔਫ਼ ਮੈਨਚੈਸਟਰ ਤੋਂ ਮੈਨਚੈਸਟਰ ਇੰਸਟੀਟਿਊਟ ਔਫ਼ ਐਜੂਕੇਸ਼ਨ ਦੇ ਪ੍ਰੋਫ਼ੈਸਰ ਨੀਲ ਹੰਫਰੀ  ਇਸ ਅਧਿਐਨ ਦੀ ਅਗਵਾਈ ਕਰ ਰਹੇ ਹਨ।  ਇਹ ਯੂਨੀਵਰਸਿਟੀ ਔਫ਼ ਮੈਨਚੈਸਟਰ, ਐਨਾ ਫ੍ਰੋਇਡ, ਚਾਈਲਡ ਆਊਟਕਮਜ ਰਿਸਰਚ ਕਨਸੋਰਟੀਅਮ, ਗ੍ਰੇਗਸਨ ਫੈਮਿਲੀ ਫਾਊਂਡੇਸ਼ਨ, ਅਤੇ ਗ੍ਰੇਟਰ ਮਾਨਚੈਸਟਰ ਕੰਬਾਇਨ ਅਥਾਰਟੀ ਦੇ ਸਹਿਯੋਗ ਨਾਲ ਇੱਕ ਸਾਂਝਾ ਪ੍ਰੋਜੈਕਟ ਹੈ।  ਸਿਰਫ਼ ਯੂਨੀਵਰਸਿਟੀ ਔਫ਼ ਮੈਨਚੈਸਟਰ ਤੋਂ ਖੋਜਕਰਤਾਵਾਂ ਦੇ ਇੱਕ ਨਿੱਕੇ ਗਰੁੱਪ ਅਤੇ ਐਨਾ ਫ੍ਰੋਇਡ ਕੋਲ ਹੇਠਾਂ ਉਲੀਕੇ ਗਏ ਪ੍ਰੋਜੈਕਟ ਡੇਟਾਸੈੱਟ ਤੱਕ ਪਹੁੰਚ ਹੋਵੇਗੀ; ਬਾਕੀ ਸੰਸਥਾਵਾਂ ਹੋਰ ਤਰੀਕਿਆਂ ਨਾਲ ਪ੍ਰੋਜੈਕਟ ਵਿਚ ਸਹਿਯੋਗ ਦਿੰਦੀਆਂ ਹਨ (ਉਦਾਹਰਣ ਵਜੋਂ, ਚਾਈਲਡ ਆਊਟਕਮਜ ਰਿਸਰਚਮ ਕਨਸੋਰਟੀਅਮ ਸਕੂਲਾਂ ਨੂੰ ਉਹਨਾਂ ਦੀ ਭਲਾਈ ਦੇ ਪ੍ਰਬੰਧਾਂ ਬਾਰੇ ਮਾਰਗਦਰਸ਼ਨ ਦਿੰਦਾ ਹੈ)।

## ਰਿਸਰਚ ਦਾ ਉਦੇਸ਼ ਕੀ ਹੈ?

ਸਾਡੇ ਅਧਿਅਨ #BeeWell ਪ੍ਰੋਗ੍ਰਾਮ ਦਾ ਉਦੇਸ਼ ਗ੍ਰੇਟਰ ਮੈਨਚੈਸਟਰ ਵਿੱਚ ਨੌਜਵਾਨਾਂ ਦੀ ਸਿਹਤ (ਜਿਵੇਂ ਖੁਸ਼ੀ) ਵੱਲ ਧਿਆਨ ਦੇਣਾ ਹੈ। ਅਸੀਂ ਵੀ ਇਹ ਜਾਣਨਾ ਚਾਹੁੰਦੇ ਹਾਂ ਕਿ ਉਹਨਾਂ ਦੀ ਤੰਦਰੁਸਤੀ ਨੂੰ ਕਿਹੜੀਆਂ ਚੀਜ਼ਾਂ (ਜਿਵੇਂ ਰਿਸ਼ਤੇ, ਸਰੀਰਿਕ ਗਤੀਵਿਧੀ) ਪ੍ਰਭਾਵਤ ਕਰਦੀਆਂ ਹਨ।

*ਭਾਗ ਲੈਣ ਲਈ ਕਿਸਨੂੰ ਪੁੱਛਿਆ ਜਾ ਰਿਹਾ ਹੈ?*

ਤੁਹਾਡੇ ਬੱਚੇ ਦੇ ਸਕੂਲ ਨੇ #BeeWell ਪ੍ਰੋਗ੍ਰਾਮ ਲਈ ਸਾਈਨ ਅਪ ਕੀਤਾ ਹੈ, ਜਿਸ ਵਿੱਚ ਵਿਦਿਆਰਥੀ ਸਾਲ ਵਿੱਚ ਇੱਕ ਵਾਰ ਆਨਲਾਇਨ ਸਰਵੇਖਣ ਪੂਰਾ ਕਰਦੇ ਹਨ, ਜੋ ਹੇਠਾਂ ਦਿੱਤੇ ਅਨੁਸਾਰ ਹੁੰਦਾ ਹੈ:

| | **ਸਾਲ 7** | **ਸਾਲ 8** | **ਸਾਲ 9** | **ਸਾਲ 10** |
|---|---|---|---|---|
| **ਪਤਝੜ 2024** | ਹਾਂ | ਨਹੀਂ | ਨਹੀਂ | ਹਾਂ |
| **ਪਤਝੜ 2025** | ਹਾਂ | ਹਾਂ | ਨਹੀਂ | ਹਾਂ |
| **ਪਤਝੜ 2026** | ਹਾਂ | ਨਹੀਂ | ਹਾਂ | ਹਾਂ |

*ਕੀ ਰਿਸਰਚ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ?*

ਅਸੀਂ ਆਪਣੀਆਂ ਖੋਜਾਂ ਨੂੰ ਰਸਾਲਿਆਂ, ਬਲਾੱਗ, ਕਾਨਫਰੰਸ ਪ੍ਰੈਜ਼ੈਂਟੇਸ਼ਨਾਂ, ਡਾਕਟਰੇਟ ਦੇ ਵਿਦਿਆਰਥੀਆਂ ਦੇ ਥੀਸਿਸਾਂ ਵਿੱਚ, ਅਤੇ ਸੰਖੇਪ ਰਿਪੋਰਟਾਂ ਨੂੰ ਵੈਬਸਾਈਟਾਂ ਅਤੇ ਸੋਸ਼ਲ ਮੀਡੀਆ 'ਤੇ ਪ੍ਰਕਾਸ਼ਿਤ ਕਰਾਂਗੇ।  ਹਿੱਸਾ ਲੈਣ ਵਾਲੇ ਸਕੂਲਾਂ, ਸਥਾਨਕ ਅਥਾਰਟੀਆਂ, ਅਤੇ ਦ ਗ੍ਰੇਟਰ ਮੈਨਚੈਸਟਰ ਕੰਬਾਇੰਡ ਅਥਾਰਿਟੀ ਨੂੰ ਸੰਖੇਪ ਫੀਡਬੈਕ ਰਿਪੋਰਟਾਂ ਮਿਲਣਗੀਆਂ।   ਪ੍ਰੋਜੈਕਟ ਡੇਟਾਸੈੱਟ ਜਨਤਕ ਤੌਰ 'ਤੇ ਵੀ ਉਪਲਬਧ

ਕਰਾਇਆ ਜਾਵੇਗਾ। ਇਸਦਾ ਮਤਲਬ ਇਹ ਹੋਵੇਗਾ ਕਿ ਦੂਜੇ ਖੋਜਕਰਤਾ ਨੌਜਵਾਨਾਂ ਦੀ ਤੰਦਰੁਸਤੀ ਬਾਰੇ ਆਪਣੇ ਪ੍ਰਸ਼ਨਾਂ ਦੇ ਜਵਾਬ ਲਈ ਡੇਟਾ ਦੀ ਵਰਤੋਂ ਕਰ ਸਕਦੇ ਹਨ। ਇਹਨਾਂ ਸਭ ਤੋਂ ਇਲਾਵਾ, ਤੁਹਾਡੇ ਬੱਚੇ ਦੇ ਜਵਾਬ ਪੂਰੀ ਤਰ੍ਹਾਂ ਬੇਨਾਮ ਹੋਣਗੇ।

*ਖੁਲਾਸੇ ਅਤੇ ਪਾਬੰਦੀਆਂ ਸਬੰਧੀ ਸੇਵਾ (DBS) ਜਾਂਚ*

ਰਿਸਰਚ ਟੀਮ ਦੇ ਹਰੇਕ ਮੈਂਬਰ ਦੀ DBS ਜਾਂਚ ਵਧੇ ਹੋਏ ਖੁਲਾਸੇ ਦੇ ਪੱਧਰ ਤੇ ਹੁੰਦੀ ਹੈ।

*ਰਿਸਰਚ ਪ੍ਰੋਜੈਕਟ ਦੀ ਸਮੀਖਿਆ ਕਿਸਨੇ ਕੀਤੀ ਹੈ?*

ਪ੍ਰੋਜੈਕਟ ਦੀ ਸਮੀਖਿਆ ਅਤੇ ਸਵੀਕ੍ਰਿਤੀ ਯੂਨੀਵਰਸਿਟੀ ਆੱਫ਼ ਮੈਨਚੈਸਟਰ ਰਿਸਰਚ ਐਥਿਕਸ ਕਮੇਟੀ 1 ਦੁਆਰਾ ਦਿੱਤੀ ਗਈ ਹੈ (ਰੈਫ਼: 2021-11133-18179)।

*ਰਿਸਰਚ ਦੀ ਫੰਡਿੰਗ ਕੌਣ ਕਰ ਰਿਹਾ ਹੈ?*

ਪ੍ਰੋਜੈਕਟ ਨੂੰ ਦ ਯੂਨੀਵਰਸਿਟੀ ਆੱਫ਼ ਮੈਨਚੈਸਟਰ, ਦ ਗ੍ਰੇਟਰ ਮੈਨਚੈਸਟਰ ਕੰਬਾਇੰਡ ਅਥਾਰਿਟੀ, ਪਾੱਲ ਹੈਮਲਾਇਨ ਫਾਉਂਡੇਸ਼ਨ, ਦ ਗ੍ਰੈਗਸਨ ਫੈਮਿਲੀ ਫਾਉਂਡੇਸ਼ਨ, ਦ ਹੋਲਰੋਇਡ ਫਾਉਂਡੇਸ਼ਨ, ਦ ਨੈਸ਼ਨਲ ਲਾਟਰੀ ਕਮਿਊਨਿਟੀ ਫੰਡ, ਦ ਓਗਲਸਬਾਏ ਚੈਰੀਟੇਬਲ ਟਰੱਸਟ, ਅਤੇ ਦ ਪੀਟਰ ਕੰਡਿਲ ਫਾਉਂਡੇਸ਼ਨ, ਬਿਗ ਚੇਂਜ, ਅਤੇ BBC ਚਿਲਡਰਨ ਇਨ ਨੀਡ ਦੁਆਰਾ ਫੰਡਿੰਗ ਕੀਤੀ ਗਈ ਹੈ।

## ਮੇਰੇ ਬੱਚੇ ਦੀ ਭਾਗੀਦਾਰੀ ਕੀ ਹੋਵੇਗੀ?

ਤੁਹਾਡੇ ਬੱਚੇ ਨੂੰ ਪਤਝੜ 2024 ਵਿੱਚ ਇੱਕ ਸਰਵੇਖਣ ਪੂਰਾ ਕਰਨ ਲਈ ਕਿਹਾ ਜਾਵੇਗਾ, ਜਿਸ ਵਿੱਚ ਉਸਨੂੰ 20-30 ਮਿੰਟ ਲੱਗਣਗੇ। ਇਹ ਸਕੂਲ ਵਿੱਚ ਆਨਲਾਈਨ ਕੀਤਾ ਜਾਵੇਗਾ।

ਸਰਵੇਖਣ ਵਿੱਚ ਭਾਗ ਲੈਣ ਦੇ ਕੋਈ ਅਹਿਮ ਜੋਖਮ ਜਾਂ ਨੁਕਸਾਨ ਨਹੀਂ ਹਨ। ਹਾਲਾਂਕਿ, ਅਸੀਂ ਤੁਹਾਡੇ ਬੱਚੇ ਨੂੰ ਸਹਾਇਤਾ ਦੇ ਬਹੁਤ ਸਾਰੇ ਸਰੋਤਾਂ ਬਾਰੇ ਜਾਣਕਾਰੀ ਦੇਵਾਂਗੇ ਤਾਂ ਜੋ ਜੇ ਕੋਈ ਵੀ ਸਵਾਲ ਉਹਨਾਂ ਨੂੰ ਉਦਾਸ, ਚਿੰਤਿਤ ਜਾਂ ਪਰੇਸ਼ਾਨ ਕਰਦੇ ਹਨ (ਉਦਾਹਰਨ ਲਈ ਮਾਤਾ-ਪਿਤਾ/ਦੇਖਭਾਲਕਰਤਾ, ਚਾਈਲਡਲਾਈਨ, ਸਕੂਲ ਸਟਾਫ਼ ਦਾ ਮੈਂਬਰ) ਤਾਂ ਉਹ ਪੁੱਛ ਸਕਦੇ ਹਨ। ਭਾਗ ਲੈਣ ਦਾ ਕੋਈ ਗਾਰੰਟੀਸ਼ੁਦਾ ਲਾਭ ਨਹੀਂ ਹੈ, ਪਰ ਤੰਦਰੁਸਤੀ ਸਬੰਧੀ ਸਰਵੇਖਣ ਪੂਰਾ ਕਰਨ ਨਾਲ ਕੁਝ ਨੌਜਵਾਨਾਂ ਨੂੰ ਆਪਣੇ ਜੀਵਨ ਬਾਰੇ ਚਿੰਤਨ ਕਰਨ ਵਿੱਚ ਮਦਦ ਮਿਲ ਸਕਦੀ ਹੈ।

*ਕੀ ਭਾਗ ਲੈਣ ਲਈ ਮੈਨੂੰ ਜਾਂ ਮੇਰੇ ਬੱਚੇ ਨੂੰ ਮੁਆਵਜ਼ਾ (ਜਿਵੇਂ ਪੈਸਾ ਜਾਂ ਵਾਉਚਰ) ਦਿੱਤਾ ਜਾਵੇਗਾ?*

ਭਾਗ ਲੈਣ ਲਈ ਕੋਈ ਮੁਆਵਜ਼ਾ ਉਪਲਬਧ ਨਹੀਂ ਹੈ।

*ਜੇ ਮੈਂ ਆਪਣੇ ਬੱਚੇ ਨੂੰ ਭਾਗ ਨਹੀਂ ਲੈਣ ਦਿੰਦਾ/ਦਿੰਦੀ ਹਾਂ ਜਾਂ ਮੈਂ ਆਪਣਾ ਮਨ ਬਦਲ ਲੈਂਦਾ/ਲੈਂਦੀ ਹਾਂ ਤਾਂ ਕੀ ਹੋਵੇਗਾ?*

ਇਹ ਨਿਰਣਾ ਲੈਣਾ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਭਾਗ ਲੈਣ ਦੇਣਾ ਚਾਹੁੰਦੇ ਹੋ ਜਾਂ ਨਹੀਂ। ਜੇ ਤੁਸੀਂ ਇਜਾਜ਼ਤ ਦਿੰਦੇ ਹੋ, ਤਾਂ ਤੁਹਾਡੇ ਬੱਚੇ ਨੂੰ ਇਹ ਵੀ ਪੁੱਛਿਆ ਜਾਵੇਗਾ ਕਿ ਕੀ ਉਹ ਹਿੱਸਾ ਲੈਣਾ ਚਾਹੁੰਦਾ ਹੈ। ਤੁਸੀਂ ਦੋਵੇਂ ਬਿਨਾਂ ਕੋਈ ਕਾਰਨ ਦਿੱਤੇ, ਕਿਸੇ ਵੀ ਸਮੇਂ ਛੱਡ ਸਕਦੇ ਹੋ। ਜੇ ਤੁਹਾਡੇ ਬੱਚੇ ਦੇ ਭਾਗ ਲੈਣ ਤੋਂ ਬਾਅਦ, ਤੁਸੀਂ ਨਿਰਣਾ ਲੈਂਦੇ ਹੋ ਕਿ ਤੁਸੀਂ ਉਸ ਦੇ ਸਰਵੇਖਣ ਦੇ ਜਵਾਬ ਹਟਾਉਣਾ ਚਾਹੁੰਦੇ ਹੋ, ਤੁਸੀਂ ਰਿਕਾਰਡ ਮਿਟਾਉਣ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ। ਪਰ, ਤੁਹਾਡੇ ਬੱਚੇ ਦਾ ਡੇਟਾ ਇੱਕ ਵਾਰ ਅਗਿਆਤ ਬਣਾ ਦਿੱਤੇ ਜਾਣ ਤੋਂ ਬਾਅਦ ਹਟਾਉਣਾ ਸੰਭਵ ਨਹੀਂ ਹੋਵੇਗਾ ਕਿਉਂਕਿ ਅਸੀਂ ਉਸ ਦੇ ਨਿੱਜੀ ਡੇਟਾ ਦੀ ਪਛਾਣ ਨਹੀਂ ਕਰ ਸਕਾਂਗੇ। ਅਸੀਂ ਉਮੀਦ ਕਰਦੇ ਹਾਂ ਕਿ ਇਹ 2029 ਦੇ ਅੰਤ ਤੱਕ ਹੋ ਜਾਵੇਗਾ, ਜਿਸ ਤੋਂ ਬਾਅਦ ਨਿੱਜੀ ਤੌਰ 'ਤੇ ਪਛਾਣਨ ਯੋਗ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਨਸ਼ਟ ਕਰ ਦਿੱਤਾ ਜਾਵੇਗਾ।

ਇਹ ਤੁਹਾਡੇ ਡਾਟਾ ਸੁਰੱਖਿਆ ਅਧਿਕਾਰਾਂ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ। ਜੇ ਤੁਸੀਂ ਫ਼ੈਸਲਾ ਲੈਂਦੇ ਹੋ ਕਿ ਤੁਹਾਡੇ ਬੱਚੇ ਨੇ ਭਾਗ ਨਹੀਂ ਲੈਣਾ ਹੈ, ਤਾਂ ਕਿਰਪਾ ਕਰਕੇ ਇਸ ਸ਼ੀਟ ਦੇ ਅੰਤ ਵਿੱਚ 'ਆਪਟ ਆਊਟ' ਫਾਰਮ ਪੂਰਾ ਕਰੋ ਅਤੇ ਇਸਨੂੰ ਨਿਰਧਾਰਿਤ ਤਾਰੀਖ ਤੱਕ ਫ੍ਰੀਪੋਸਟ ਪਤੇ ਨੂੰ ਵਰਤਦੇ ਹੋਏ ਸਾਨੂੰ ਵਾਪਸ ਭੇਜ ਦਿਓ। ਜੇ ਤੁਸੀਂ ਤਰਜੀਹ ਦਿੰਦੇ ਹੋ, ਤਾਂ ਤੁਸੀਂ ਆਪਟ ਆਊਟ ਫਾਰਮ 'ਤੇ ਦਿੱਤੀ ਜਾਣਕਾਰੀ ਵਰਤ ਕੇ ਸਾਨੂੰ ਟੈਲੀਫੋਨ ਜਾਂ ਈਮੇਲ ਕਰ ਸਕਦੇ ਹੋ।

## ਡੇਟਾ ਸੁਰੱਖਿਆ ਅਤੇ ਗੋਪਨੀਅਤਾ

*ਮੇਰੇ ਬੱਚੇ ਬਾਰੇ ਤੁਸੀਂ ਕੀ ਜਾਣਕਾਰੀ ਇਕੱਠੀ ਕਰੋਗੇ?*

ਇਸ ਸਰਵੇਖਣ ਵਿੱਚ ਭਾਗ ਲੈਣ ਲਈ ਤੁਹਾਡੇ ਬੱਚੇ ਵਾਸਤੇ ਸਾਨੂੰ ਉਹ ਜਾਣਕਾਰੀ ਇਕੱਠੀ ਕਰਨੀ ਪਵੇਗੀ ਜੋ ਉਹਨਾਂ ਦੀ ਪਛਾਣ ਕਰ ਸਕਦੀ ਹੋਵੇ, ਇਸਨੂੰ "ਨਿੱਜੀ ਪਛਾਣ ਦੀ ਜਾਣਕਾਰੀ" ਕਿਹਾ ਜਾਂਦਾ ਹੈ। ਸਾਨੂੰ ਇਕੱਠਾ ਕਰਨਾ ਪਵੇਗਾ:

- ਅਗਲਾ ਨਾਮ, ਉਪਨਾਮ
- ਜਾਤ
- ਯੂਨੀਕ ਵਿਦਿਆਰਥੀ ਨੰਬਰ
- ਜਨਮ ਦੀ ਤਾਰੀਖ
- ਰਿਹਾਇਸ਼ੀ ਪੋਸਟਕੋਡ
- ਮੁਫ਼ਤ ਸਕੂਲ ਭੋਜਨ ਯੋਗਤਾ
- ਸਾਲ ਸਮੂਹ
- ਲਿੰਗ
- ਖਾਸ ਵਿੱਦਿਅਕ ਲੋੜਾਂ
- ਇੱਕ ਵਾਧੂ ਭਾਸ਼ਾ ਦੇ ਤੌਰ 'ਤੇ ਅੰਗ੍ਰੇਜ਼ੀ

ਇਹ ਜਾਣਕਾਰੀ ਤੁਹਾਡੇ ਬੱਚੇ ਦੇ ਸਕੂਲ ਜਾਂ ਸਥਾਨਕ ਅਥਾਰਟੀ ਦੁਆਰਾ ਦਿੱਤੀ ਜਾਵੇਗੀ।

ਅਸੀਂ ਤੁਹਾਡੇ ਬੱਚੇ ਦੀ ਸਿਹਤ, ਅਤੇ ਉਹਨਾਂ ਕਾਰਕਾਂ ਬਾਰੇ ਜਾਣਕਾਰੀ ਇਕੱਠੀ ਕਰਾਂਗੇ ਜੋ ਉਸ ਦੀ ਤੰਦਰੁਸਤੀ ਨੂੰ ਪ੍ਰਭਾਵਿਤ ਕਰਦੇ ਹਨ। ਇਸ ਵਿੱਚ ਇਹਨਾਂ ਵਿਸ਼ਿਆਂ ਬਾਰੇ ਸਵਾਲ ਸ਼ਾਮਲ ਹਨ:

- ਜੀਵਨ ਦੀ ਸੰਤੁਸ਼ਟੀ, ਮਾਨਸਿਕ ਤੰਦਰੁਸਤੀ, ਸਵੈ-ਮਾਣ, ਤਣਾਅ ਅਤੇ ਉਸ ਨਾਲ ਨਜਿੱਠਣਾ, ਮਾਨਸਿਕ ਸਿਹਤ ਸਬੰਧੀ ਮੁਸ਼ਕਲਾਂ, ਜਜ਼ਬਾਤਾਂ ਉੱਤੇ ਕਾਬੂ ਪਾਉਣਾ

- ਸਿਹਤ ਅਤੇ ਰੁਟੀਨ, ਸ਼ੌਂਕ ਅਤੇ ਮਨੋਰੰਜਨ, ਸਕੂਲ, ਵਾਤਾਵਰਣ ਅਤੇ ਸਮਾਜ, ਰਿਸ਼ਤੇ, ਅਤੇ ਤੰਦਰੁਸਤੀ ਲਈ ਸਹਾਇਤਾ

- ਲਿੰਗ ਪਹਿਚਾਣ ਅਤੇ ਜਿਨਸੀ ਝੁਕਾਅ

- ਮਾਇਗ੍ਰੇਸ਼ਨ ਸਟੇਟਸ


- ਜ਼ਿੰਦਗੀ ਦੀ ਤਿਆਰੀ ਅਤੇ ਭਵਿੱਖ (ਸਿਰਫ਼ Y10)

*ਇਕੱਠੀ ਕੀਤੀ ਜਾਣਕਾਰੀ ਕਿਵੇਂ ਵਰਤੀ ਜਾਵੇਗੀ?*

ਉਹਨਾਂ ਦੇ ਸਰਵੇਖਣ ਦੇ ਜਵਾਬਾਂ ਲਈ ਅਸੀਂ ਤੁਹਾਡੇ ਬੱਚੇ ਦੇ ਸਕੂਲ ਜਾਂ ਲੋਕਲ ਅਥਾਰਟੀ ਦੁਆਰਾ ਦਿੱਤੀ ਜਾਣਕਾਰੀ ਨੂੰ ਲਿੰਕ ਕਰਾਂਗੇ। ਸਥਾਨਕ ਖੇਤਰ ਬਾਰੇ ਅਸੀਂ ਉਸ ਦੇ ਰਿਹਾਇਸ਼ੀ ਪੋਸਟਕੋਡ ਨੂੰ ਜਨਤਕ ਜਾਣਕਾਰੀ ਨਾਲ ਲਿੰਕ ਕਰਾਂਗੇ (ਉਦਾਹਰਨ ਲਈ, ਪਾਰਕਾਂ ਅਤੇ ਹੋਰ ਹਰੀਆਂ-ਭਰੀਆਂ ਥਾਂਵਾਂ ਤੱਕ ਪਹੁੰਚ ਹੈ ਜਾਂ ਨਹੀਂ)। ਭਵਿੱਖ ਵਿੱਚ, ਅਸੀਂ ਆਪਣੇ ਪ੍ਰੋਜੈਕਟ ਡਾਟਾ ਨੂੰ ਤੁਹਾਡੇ ਬੱਚੇ ਬਾਰੇ ਰੱਖੀ ਗਈ ਹੋਰ ਜਾਣਕਾਰੀ ਨਾਲ ਲਿੰਕ ਕਰਨ ਦੀ ਯੋਜਨਾ ਬਣਾ ਰਹੇ ਹਾਂ, ਉਦਾਹਰਨ ਲਈ, ਰਾਸ਼ਟਰੀ ਵਿਦਿਆਰਥੀ ਡਾਟਾਬੇਸ ਵਿੱਚ ਵਿਦਿਅਕ ਡਾਟਾ (ਜਿਵੇਂ ਕਿ ਅਕੈਡਮਿਕ ਪ੍ਰਾਪਤੀ); ਉੱਚ ਵਿਦਿਅਕ ਨਤੀਜਿਆਂ ਦੇ ਡਾਟਾਬੇਸ ਵਿੱਚ ਰੁਜ਼ਗਾਰ ਅਤੇ ਕਮਾਈ ਦਾ ਡਾਟਾ (ਉਦਾਹਰਨ ਲਈ ਸਾਲਾਨਾ ਆਮਦਨ); ਕਮਿਊਨਿਟੀ ਸਰਵਿਸਿਜ਼ ਡਾਟਾਸੈਟ ਵਿੱਚ NHS-ਫੰਡਡ ਕਮਿਊਨਿਟੀ ਸੇਵਾਵਾਂ (ਜਿਵੇਂ ਕਿ ਬੱਚਿਆਂ ਅਤੇ ਨੌਜਵਾਨਾਂ ਦੀਆਂ ਸਿਹਤ ਸੇਵਾਵਾਂ ਲਈ ਰੈਫ਼ਰਲ) ਤੱਕ ਪਹੁੰਚ ਬਾਰੇ ਡਾਟਾ; ਅਤੇ, ਮੈਂਟਲ ਹੈਲਥ ਸਰਵਿਸਿਜ਼ ਡਾਟਾਸੈਟ ਵਿੱਚ NHS-ਫੰਡਡ ਮਾਨਸਿਕ ਸਿਹਤ ਸੇਵਾਵਾਂ (ਜਿਵੇਂ ਕਿ ਬਾਲ ਅਤੇ ਕਿਸ਼ੋਰ ਮਾਨਸਿਕ ਸਿਹਤ ਸੇਵਾਵਾਂ ਲਈ ਰੈਫ਼ਰਲ) ਤੱਕ ਪਹੁੰਚ ਬਾਰੇ ਡਾਟਾ।

*ਡੇਟਾ ਨੂੰ ਕਿਵੇਂ ਲਿੰਕ ਕੀਤਾ ਜਾਵੇਗਾ ਅਤੇ ਇਹ ਫਾਇਦੇਮੰਦ ਕਿਉਂ ਹੈ?*

ਡੇਟਾ ਲਿੰਕ ਕਰਨ ਦੀ ਲਈ ਮੁੱਢਲੀ ਪ੍ਰਕਿਰਿਆ ਹੇਠਾਂ ਦਿੱਤੀ ਗਈ ਹੈ:




ਆਪਣੇ ਪ੍ਰੋਜੈਕਟ ਡੇਟਾ ਨੂੰ ਇਸ ਤਰੀਕੇ ਨਾਲ ਲਿੰਕ ਕਰਨ ਨਾਲ ਨੌਜਵਾਨਾਂ ਦੀ ਤੰਦਰੁਸਤੀ ਬਾਰੇ ਅਸੀਂ ਬਹੁਤ ਕੁਝ ਜਾਣ ਸਕਦੇ ਹਾਂ ਅਤੇ ਇਹ ਵੀ ਕਿ ਉਹਨਾਂ ਦੀ ਜ਼ਿੰਦਗੀ ਦੇ ਹੋਰ ਪਹਿਲੂਆਂ ਵਿੱਚ ਜੋ ਕੁਝ ਹੋ ਰਿਹਾ ਹੈ ਉਨ੍ਹਾਂ ਨੂੰ ਇਹ ਕਿਵੇਂ ਪ੍ਰਭਾਵਿਤ ਕਰਦਾ ਹੈ (ਅਤੇ ਉਹਨਾਂ ਦੁਆਰਾ ਕਿਵੇਂ ਪ੍ਰਭਾਵਿਤ ਹੁੰਦਾ ਹੈ)।

*ਤੁਸੀਂ ਕਿਸ ਕਾਨੂੰਨੀ ਆਧਾਰ ਤੇ ਇਹ ਜਾਣਕਾਰੀ ਇਕੱਠੀ ਕਰ ਰਹੇ ਹੋ?*

ਅਸੀਂ UK ਡੇਟਾ ਪ੍ਰੋਟੈਕਸ਼ਨ ਕਾਨੂੰਨ ਦੇ ਅਨੁਸਾਰ ਨਿੱਜੀ ਪਛਾਣ ਦੀ ਜਾਣਕਾਰੀ ਇਕੱਠੀ ਕਰ ਰਹੇ ਹਾਂ ਅਤੇ ਸਟੋਰ ਕਰ ਰਹੇ ਹਾਂ। ਇਹ ਦੱਸਦਾ ਹੈ ਕਿ ਸਾਡੇ ਕੋਲ ਤੁਹਾਡਾ ਡੇਟਾ ਇਕੱਠਾ ਕਰਨ ਲਈ ਕਾਨੂੰਨੀ ਆਧਾਰ ਹੋਣੇ ਜ਼ਰੂਰੀ ਹਨ। ਇਸ ਅਧਿਐਨ ਲਈ, ਖਾਸ ਕਾਰਨ ਹੈ ਕਿ ਇਹ "ਜਨਤਕ ਹਿੱਤ ਦਾ ਕੰਮ" ਹੈ ਅਤੇ "ਖੋਜ ਉਦੇਸ਼ਾਂ ਲਈ ਇੱਕ ਜਰੂਰੀ ਪ੍ਰਕਿਰਿਆ ਹੈ।"

*ਮੇਰੇ ਬੱਚੇ ਬਾਰੇ ਤੁਹਾਡੇ ਦੁਆਰਾ ਇਕੱਠੀ ਕੀਤੀ ਜਾਣਕਾਰੀ ਸਬੰਧੀ ਮੇਰੇ ਕੀ ਅਧਿਕਾਰ ਹਨ?*

ਤੁਹਾਡੀ ਨਿੱਜੀ ਜਾਣਕਾਰੀ ਦੇ ਹਵਾਲੇ ਨਾਲ ਤੁਹਾਡੇ ਕੋਲ ਡੇਟਾ ਸੁਰੱਖਿਆ ਦੇ ਅਧੀਨ ਕਾਨੂੰਨੀ ਅਧਿਕਾਰ ਹਨ। ਉਦਾਹਰਨ ਲਈ, ਤੁਸੀਂ ਉਸ ਜਾਣਕਾਰੀ ਦੀ ਇੱਕ ਕਾਪੀ ਲਈ ਬੇਨਤੀ ਕਰ ਸਕਦੇ ਹੋ ਜੋ ਸਾਡੇ ਕੋਲ ਤੁਹਾਡੇ ਬੱਚੇ ਬਾਰੇ ਹੈ। ਜੇ ਤੁਸੀਂ ਆਪਣੇ ਵੱਖਰੇ ਅਧਿਕਾਰਾਂ ਬਾਰੇ ਜਾਂ ਉਸ ਤਰੀਕੇ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਜਿਸ ਤਰ੍ਹਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਵਰਤਦੇ ਹਾਂ, ਤਾਂ ਕਿਰਪਾ ਕਰਕੇ ਸਾਡੇ 'ਪ੍ਰਾਈਵੈਸੀ ਨੋਟਿਸ ਫਾਰ ਰਿਸਰਚ' ਨਾਲ ਸੰਪਰਕ ਕਰੋ: https://documents.manchester.ac.uk/display.aspx?DocID=37095

*ਕੀ ਸਰਵੇਖਣ ਵਿੱਚ ਮੇਰੇ ਬੱਚੇ ਦੀ ਭਾਗੀਦਾਰੀ ਗੁਪਤ ਹੋਵੇਗੀ? ਕੀ ਉਸ ਦੀ ਨਿੱਜੀ ਪਛਾਣ ਦੀ ਜਾਣਕਾਰੀ ਸੁਰੱਖਿਅਤ ਹੋਵੇਗੀ?*

ਡਾਟਾ ਸੁਰੱਖਿਆ ਕਾਨੂੰਨ ਦੇ ਅਨੁਸਾਰ, ਯੂਨੀਵਰਸਿਟੀ ਆੱਫ਼ ਮੈਨਚੈਸਟਰ ਇਸ ਪ੍ਰੋਜੈਕਟ ਲਈ ਡਾਟਾ ਕੰਟਰੋਲਰ ਹੈ। ਇਸਦਾ ਮਤਲਬ ਹੈ ਕਿ ਅਸੀਂ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਾਂ ਕਿ ਤੁਹਾਡੀ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ, ਗੁਪਤ ਰੱਖਿਆ ਗਿਆ ਹੈ ਅਤੇ ਸਿਰਫ਼ ਉਸੇ ਤਰੀਕੇ ਨਾਲ ਵਰਤਿਆ ਜਾਵੇਗਾ ਜਿਸ ਤਰ੍ਹਾਂ ਤੁਹਾਨੂੰ ਦੱਸਿਆ ਗਿਆ ਹੈ ਕਿ ਇਸਦੀ ਵਰਤੋਂ ਕੀਤੀ ਜਾਵੇਗੀ। ਸਾਰੇ ਖੋਜਕਰਤਾਵਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ, ਅਤੇ ਤੁਹਾਡੇ ਡੇਟਾ ਦੀ ਹੇਠ ਦਿੱਤੇ ਤਰੀਕਿਆਂ ਨਾਲ ਦੇਖਭਾਲ ਕੀਤੀ ਜਾਵੇਗੀ:

- ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੂਪ ਵਿਚ ਰੱਖੀ ਜਾਵੇਗੀ। ਸਿਰਫ਼ ਯੂਨੀਵਰਸਿਟੀ ਆੱਫ਼ ਮੈਨਚੈਸਟਰ ਤੋਂ ਖੋਜਕਰਤਾਵਾਂ ਦੇ ਇੱਕ ਨਿੱਕੇ ਗਰੁੱਪ ਅਤੇ ਐਨਾ ਫ੍ਰੋਏਡ ਕੋਲ ਹੀ ਪਛਾਣਯੋਗ ਡੇਟਾ* ਤੱਕ ਪਹੁੰਚ ਹੋਵੇਗੀ, ਸਿਵਾਏ ਉਹਨਾਂ ਮੌਕਿਆਂ ਨੂੰ ਛੱਡ ਕੇ ਜਿੱਥੇ ਇਹ ਡੇਟਾ ਲਿੰਕ ਕਰਨ ਨੂੰ ਸਮਰੱਥ ਬਣਾਉਣ ਲਈ ਉਹਨਾਂ ਸੰਗਠਨਾਂ ਨੂੰ ਸੁਰੱਖਿਅਤ ਰੂਪ ਵਿੱਚ ਮੁਹੱਈਆ ਕਰਾਇਆ ਜਾਂਦਾ ਹੈ ਜਿਹਨਾਂ ਕੋਲ ਉੱਪਰ ਨਾਮਜ਼ਦ ਡੇਟਾਸੈੱਟ ਹੁੰਦੇ ਹਨ।
- ਰਿਸਰਚ ਟੀਮ ਦੇ ਉਪਰੋਕਤ ਦਿੱਤੇ ਤਰੀਕਿਆਂ ਵਿੱਚ ਡਾਟਾ ਲਿੰਕ ਕਰਨ ਲਈ ਪਛਾਣ ਦੀ ਜਾਣਕਾਰੀ ਵਰਤਣ ਤੋਂ ਬਾਅਦ, ਡਾਟਾਸੈਟ ਨੂੰ ਗੁਪਤ ਰੱਖਿਆ ਜਾਵੇਗਾ।
- ਸਾਰਾ ਸਰਵੇਖਣ ਡੇਟਾ ਸੁਰੱਖਿਅਤ, ਇਨਕ੍ਰਿਪਟਿਡ ਅਤੇ ਪਾਸਵਰਡ ਨਾਲ ਸੁਰੱਖਿਅਤ ਸਰਵਰ 'ਤੇ ਸਟੋਰ ਕੀਤਾ ਜਾਵੇਗਾ ਜੋ ਕਿ ਕੇਵਲ ਰਿਸਰਚ ਟੀਮ ਦੇ ਨਾਮਜ਼ਦ ਮੈਂਬਰ ਵਰਤ ਸਕਦੇ ਹਨ।
- ਸਾਰੇ ਡਾਟਾ 'ਤੇ ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ (GDPR) ਕਾਨੂੰਨ ਦੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ।
- ਜੇਕਰ ਤੁਸੀਂ ਆਪਣੇ ਬੱਚੇ ਲਈ ਇਸ ਅਧਿਐਨ ਵਿੱਚ ਹਿੱਸਾ ਲੈਣ ਲਈ ਸਹਿਮਤ ਹੋ ਅਤੇ ਤੁਹਾਡੀ ਇਜਾਜ਼ਤ ਨਾਲ, ਤੁਹਾਡੇ ਬੱਚੇ ਦੁਆਰਾ ਦਿੱਤੇ ਗਏ ਨਾ-ਪਛਾਨਣਯੋਗ ਸਰਵੇਖਣ ਡਾਟਾ ਨੂੰ ਹੋਰ ਰਿਸਰਚਰਸ ਅਤੇ ਏਜੰਸੀਆਂ ਨਾਲ ਸਾਂਝਾ ਕੀਤਾ ਜਾਵੇਗਾ। ਇਹ ਯੂਨੀਵਰਸਿਟੀ ਆੱਫ਼ ਮੈਨਚੈਸਟਰ ਦੇ ਰਿਸਰਚ ਪ੍ਰਾਈਵੇਸੀ ਨੋਟਿਸ ਅਨੁਸਾਰ ਵਾਧੂ ਰਿਸਰਚ ਵਿੱਚ ਸਹਾਇਤਾ ਕਰਨ ਲਈ ਹੈ (ਉੱਪਰ ਦਿੱਤਾ ਲਿੰਕ ਦੇਖੋ)। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਇਹ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

*ਕਿਰਪਾ ਕਰਕੇ ਨੋਟ ਕਰੋ ਕਿ ਯੂਨੀਵਰਸਿਟੀ ਆੱਫ਼ ਮੈਨਚੈਸਟਰ ਜਾਂ ਹੋਰ ਅਥਾਰਟੀਆਂ ਨੂੰ ਇਹ ਯਕੀਨੀ ਬਣਾਉਣ ਲਈ ਇਸ ਅਧਿਐਨ ਲਈ ਇਕੱਠਾ ਕੀਤਾ ਡੇਟਾ ਦੇਖਣ ਦੀ ਲੋੜ ਪੈ ਸਕਦੀ ਹੈ ਕਿ ਪ੍ਰੋਜੈਕਟ ਯੋਜਨਾ ਅਨੁਸਾਰ ਚੱਲ ਰਿਹਾ ਹੈ। ਇਸ ਵਿੱਚ ਪਛਾਣ ਕਰਨਯੋਗ ਡੇਟਾ ਨੂੰ ਦੇਖਣਾ ਸ਼ਾਮਿਲ ਹੋ ਸਕਦਾ ਹੈ। ਨਿਰੀਖਣ ਵਿੱਚ ਸ਼ਾਮਿਲ ਸਾਰੇ ਵਿਅਕਤੀਆਂ ਦੀ ਤੁਹਾਡੇ ਬੱਚੇ ਦੀ ਇੱਕ ਪ੍ਰਤੀਭਾਗੀ ਵਜੋਂ ਗੋਪਨੀਅਤਾ ਰੱਖਣ ਦੀ ਸਖ਼ਤ ਡਿਊਟੀ ਹੈ।

**ਕੀ ਹੋਵੇਗਾ ਜੇ ਮੇਰੀ ਸ਼ਿਕਾਇਤ ਹੈ?**

ਜੇ ਤੁਹਾਡੀ ਰਿਸਰਚ ਟੀਮ ਦੇ ਮੈਂਬਰਾਂ ਲਈ ਸਿੱਧੀ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ:

**Professor Neil Humphrey**
**Ellen Wilkinson Building, Manchester Institute of Education, The University of Manchester, Oxford Road, Manchester M13 9PL**

**ਈਮੇਲ: neil.humphrey@manchester.ac.uk**

**ਟੈਲੀਫੋਨ: 0161 275 3404**

ਜੇ ਤੁਸੀਂ ਰਿਸਰਚ ਟੀਮ ਦੇ ਬਾਹਰ ਕਿਸੇ ਵਿਅਕਤੀ ਦੀ ਰਸਮੀ ਸ਼ਿਕਾਇਤ ਕਰਨਾ ਚਾਹੁੰਦੇ ਹੋ ਜਾਂ ਜੇ ਤੁਸੀਂ ਪਹਿਲੀ ਵਾਰ ਵਿੱਚ ਖੋਜਕਾਰਾਂ ਤੋਂ ਪ੍ਰਾਪਤ ਜਵਾਬ ਨਾਲ ਸੰਤੁਸ਼ਟ ਨਹੀਂ ਹੋ, ਤਾਂ ਕਿਰਪਾ ਕਰਕੇ ਸੰਪਰਕ ਕਰੋ:

**The Research Ethics Manager, Research Office, Christie Building, The University of Manchester, Oxford Road, Manchester, M13 9PL**

**ਈਮੇਲ: research.complaints@manchester.ac.uk**

**ਟੈਲੀਫੋਨ: 0161 306 8089**

ਜੇ ਤੁਸੀਂ ਆਪਣੇ ਡੇਟਾ ਸੁਰੱਖਿਆ ਅਧਿਕਾਰਾਂ ਬਾਰੇ ਸਾਡੇ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ dataprotection@manchester.ac.uk 'ਤੇ ਈਮੇਲ ਕਰੋ ਜਾਂ Information Governance Office, Christie Building, The University of Manchester, Oxford Road, M13 9PL ਨੂੰ ਲਿਖੋ ਅਤੇ ਅਸੀਂ ਤੁਹਾਡੇ ਅਧਿਕਾਰਾਂ ਨੂੰ ਵਰਤਣ ਦੀ ਪ੍ਰਕਿਰਿਆ ਵਿੱਚ ਤੁਹਾਡਾ ਮਾਰਗਦਰਸ਼ਨ ਕਰਾਂਗੇ।

ਤੁਹਾਨੂੰ ਆਪਣੇ ਬੱਚੇ ਦੀ ਨਿੱਜੀ ਪਛਾਣਨਯੋਗ ਜਾਣਕਾਰੀ ਸਬੰਧੀ ਸ਼ਿਕਾਇਤਾਂ ਬਾਰੇ ਇਨਫ਼ਾਰਮੇਸ਼ਨ ਕਮਿਸ਼ਨਰ ਦੇ ਦਫ਼ਤਰ ਨੂੰ ਸ਼ਿਕਾਇਤ ਕਰਨ ਦਾ ਵੀ ਅਧਿਕਾਰ ਹੈ।

**ਆਨਲਾਈਨ: https://ico.org.uk/make-a-complaint/**

**ਟੈਲੀਫੋਨ: 0303 123 1113**

## ਹੋਰ ਜਾਣਕਾਰੀ

ਜੇ ਤੁਹਾਡਾ ਕੋਈ ਸਵਾਲ ਹੈ, ਤਾਂ ਤੁਸੀਂ beewell@manchester.ac.uk 'ਤੇ ਸਾਨੂੰ ਈਮੇਲ ਜਾਂ 0161 275 3415 'ਤੇ ਸਾਨੂੰ ਕਾੱਲ ਕਰ ਸਕਦੇ ਹੋ।

**ਇਸ ਜਾਣਕਾਰੀ ਸ਼ੀਟ ਨੂੰ ਪੜ੍ਹਨ ਲਈ ਸਮਾਂ ਕੱਢਣ ਵਾਸਤੇ ਤੁਹਾਡਾ ਧੰਨਵਾਦ।**

## ਆਪਣੇ ਬੱਚੇ ਦੇ ਇਸ ਰਿਸਰਚ ਵਿੱਚ ਭਾਗ ਲੈਣ ਲਈ ਸਹਿਮਤ ਹੋਣਾ

- ਸਾਨੂੰ ਉਮੀਦ ਹੈ ਕਿ ਤੁਸੀਂ ਇਸ ਰਿਸਰਚ ਵਿੱਚ ਆਪਣੇ ਬੱਚੇ ਨੂੰ ਭਾਗ ਲੈਣ ਦੀ ਆਗਿਆ ਦੇਵੋਗੇ।
- ਇਜਾਜ਼ਤ ਦੇ ਕੇ, ਤੁਸੀਂ ਆਪਣੇ ਬੱਚੇ ਨੂੰ #BeeWell ਸਰਵੇਖਣ ਵਿੱਚ ਹਿੱਸਾ ਲੈਣ, ਉਸ ਦੇ ਸਰਵੇਖਣ ਡੇਟਾ ਨੂੰ ਉਸ ਬਾਰੇ ਪਿਛੋਕੜ ਦੀ ਜਾਣਕਾਰੀ ਨਾਲ ਲਿੰਕ ਕਰਨ, ਅਤੇ ਉਸ ਬਾਰੇ ਰੱਖੀ ਗਈ ਹੋਰ ਜਾਣਕਾਰੀ ਨਾਲ ਉਸ ਦੇ ਡੇਟਾ ਨੂੰ ਭਵਿੱਖ ਵਿੱਚ ਲਿੰਕ ਕਰਨ ਲਈ ਸਹਿਮਤੀ ਦੇ ਰਹੇ ਹੋ ('ਡੇਟਾ ਸੁਰੱਖਿਆ ਅਤੇ ਗੋਪਨੀਅਤਾ' ਵਿੱਚ ਉੱਪਰ ਦਿੱਤਾ ਗਿਆ ਹੈ)।
- ਜੇਕਰ ਤੁਸੀਂ ਆਪਣੀ ਇਜਾਜ਼ਤ ਨਹੀਂ ਦਿੰਦੇ ਹੋ, **ਤਾਂ ਤੁਹਾਨੂੰ ਹੇਠਾਂ ਦਿੱਤੇ ਫਾਰਮ ਨੂੰ ਜਿੰਨੀ ਜਲਦੀ ਹੋ ਸਕੇ**, ਅਤੇ **ਸ਼ੁੱਕਰਵਾਰ 27ਸਤੰਬਰ 2024 ਤੋਂ ਪਹਿਲਾਂ-ਪਹਿਲਾਂ ਵਾਪਸ ਕਰਨਾ ਹੋਵੇਗਾ।**
- ਭਾਗ ਨਾ ਲੈਣ ਕਰਕੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਹੀਂ ਹੋਵੇਗਾ।
- ਇਹ ਸਾਰੇ ਬੱਚਿਆਂ ਨੂੰ ਸਪਸ਼ਟ ਕਰ ਦਿੱਤਾ ਜਾਵੇਗਾ ਕਿ ਹਿੱਸਾ ਲੈਣਾ ਜਾਂ ਨਾ ਲੈਣਾ ਉਹਨਾਂ 'ਤੇ ਨਿਰਭਰ ਕਰਦਾ ਹੈ। ਉਹਨਾਂ ਨੂੰ ਇਸ ਬਾਰੇ ਵੀ ਯਾਦ ਕਰਵਾਇਆ ਜਾਵੇਗਾ ਕਿ ਉਹ ਜਿਹੜੇ ਸਵਾਲਾਂ ਦਾ ਜਵਾਬ ਨਹੀਂ ਦੇਣਾ ਚਾਹੁੰਦੇ ਉਹ ਛੱਡ ਸਕਦੇ ਹਨ।

---

**ਜੇ ਤੁਸੀਂ ਆਪਣੇ ਬੱਚੇ ਨੂੰ ਭਾਗ ਲੈਣ ਨਹੀਂ ਦੇਣਾ ਚਾਹੁੰਦੇ ਹੋ ਤਾਂ ਤੁਹਾਨੂੰ ਸਿਰਫ਼ ਇਹ ਸਲਿੱਪ ਪੂਰੀ ਕਰਕੇ ਵਾਪਸ ਭੇਜਣੀ ਪਵੇਗੀ। ਕਿਰਪਾ ਕਰਕੇ ਹੇਠਾਂ ਦਿੱਤੀ ਜਾਣਕਾਰੀ ਨੂੰ ਪ੍ਰਦਾਨ ਕਰਨ ਲਈ lawrence.wo@manchester.ac.uk 'ਤੇ ਈਮੇਲ ਕਰੋ (ਜਾਂ 0161 275 3415 'ਤੇ ਫ਼ੋਨ ਕਰੋ), ਜਾਂ ਇਸ ਸਲਿਪ ਨੂੰ ਹੇਠਾਂ ਦਿੱਤੇ ਪਤੇ 'ਤੇ ਵਾਪਸ ਪੋਸਟ ਕਰੋ:**

FREEPOST RLYU-KAAB-AXRC
Lawrence Wo
Manchester Institute of Education
B4.10 Ellen Wilkinson Building
University of Manchester
Oxford Road
Manchester
M13 9PL

**ਤੁਹਾਨੂੰ ਮੋਹਰ ਲਗਾਉਣ ਦੀ ਲੋੜ ਨਹੀਂ ਹੈ।**

**ਜੇ ਤੁਸੀਂ ਆਪਣੇ ਬੱਚੇ ਦੇ ਭਾਗ ਲੈਣ ਕਰਕੇ ਖੁਸ਼ ਹੋ, ਤਾਂ ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ।**

ਪਿਆਰੇ ਲਾੱਰੇਂਸ,

ਮੈਂ #BeeWell ਅਧਿਅਨ ਵਿੱਚ ਆਪਣੇ ਬੱਚੇ ਦਾ ਭਾਗ ਲੈਣਾ ਰੋਕਣਾ ਚਾਹੁੰਦਾ ਹਾਂ।

| | |
|---|---|
| ਬੱਚੇ ਦਾ ਨਾਮ: | |
| ਬੱਚੇ ਦਾ ਸਕੂਲ: | |
| ਬੱਚੇ ਦਾ ਉਮਰ ਸਮੂਹ (ਜਿਵੇਂ 7 ਜਾਂ 10): | |
| ਮਾਤਾ/ਪਿਤਾ/ਦੇਖਭਾਲਕਰਤਾ ਦਾ ਨਾਮ: | |
| ਮਾਤਾ/ਪਿਤਾ/ਦੇਖਭਾਲਕਰਤਾ ਦੇ ਹਸਤਾਖਰ: | |
| ਤਾਰੀਖ: | |

**ਕਿਰਪਾ ਕਰਕੇ 27ਸਤੰਬਰ 2024 ਤੱਕ ਵਾਪਸ ਭੇਜੋ।** UoM #BeeWell ref: GM2024